B-2110 | 10675/NH

# ਬੀ.ਏ ਭਾਗ-ਦੂਜਾ (ਸਮੈਸਟਰ ਤੀਜਾ)

## ਪੰਜਾਬੀ ਸਾਹਿਤ

ਕੁੱਲ ਅੰਕ : 100
ਅੰਦਰੂਨੀ ਮੁਲਾਂਕਣ: 25 ਅੰਕ
ਬਾਹਰੀ ਪ੍ਰੀਖਿਆ : 75 ਅੰਕ
ਸਮਾਂ: ਤਿੰਨ ਘੰਟੇ

ਪਾਸ ਅੰਕ: 35
ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਅੰਕ: 09
ਬਾਹਰੀ ਪ੍ਰੀਖਿਆ ਵਿੱਚੋਂ ਪਾਸ ਅੰਕ : 26

### ਭਾਗ -ੳ-1

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-

ੳ) ਇਕ ਨੁਕਤੇ ਵਿਚ ਗੱਲ ਮੁੱਕਦੀ ਹੈ।
ਫੜ ਨੁਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫ਼ਰ ਦਿਆਂ ਬਾਬਾ ਨੂੰ,
ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ, ਕਰ ਸਾਫ ਦਿਲੇ ਦਿਆਂ ਖਾਬਾਂ ਨੂੰ,
ਗੱਲ ਏਸੇ ਘਰ ਵਿਚ ਢੁੱਕਦੀ ਹੈ, ਇਕ ਨੁਕਤੇ ਵਿਚ ਗੱਲ ਮੁੱਕਦੀ ਹੈ।

ਅ) ਸੱਸੀ ਹਾਰ ਸਿੰਗਾਰ ਉਤਾਰ ਸੁਟੇ,
ਅੱਗ ਲਾਂਵਦੀ ਏ ਸੂਹੇ ਸਾਲੂਆਂ ਨੂੰ।
ਜਿਸ ਸੇਜ ਤੇ ਸੋਂਦਾ ਸੀ ਯਾਰ ਮੇਰਾ,
ਸੀਨੇ ਘੁਟਦੀ ਲੇਫ ਨਿਹਾਲੀਆਂ ਨੂੰ।
ਅਖੀਂ ਪਾਂਦੀ ਸੀ ਸਾਹੋਂ ਦੇ ਬੁੱਕ ਭਰ ਕੇ,
ਫੱਕੇ ਮਾਰਦੀ ਏ, ਰੇਤੇ ਬਾਲੂਆਂ ਨੂੰ।
ਅਹਿਮਦਯਾਰ ਪੁੰਨੂੰ ਮਿਲੇ ਝਬ ਮੇਰਾ,
ਰਾਹ ਪੈ ਜਾਏ ਮੌਤ ਉਧਾਲਿਆਂ ਨੂੰ।

ੲ) ਚਮਕੀ ਆਣ ਦੁਪਹਿਰਾਂ ਵੇਲੇ, ਗਰਮੀ ਗਰਮ ਬਹਾਰੇ।
ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰ ਉਤਾਰੇ।
ਆਤਸ਼ ਦਾ ਦਰਿਆ ਖਲੋਤਾ, ਥਲ ਮਾਰੂ ਵਲ ਚਾਰੇ।
ਹਾਸ਼ਮ ਫੇਰ ਪਿਛਾਂਹ ਨਾ ਮੁੜਦੀ, ਲੂੰ ਲੂੰ ਹੋਤ ਪੁਕਾਰੇ।

ਅੰਕ: 5

2. ਕਿਸੇ ਇਕ ਕਵਿਤਾ ਦੇ ਵਿਸ਼ਾ-ਵਸਤੂ ਬਾਰੇ ਚਰਚਾ ਕਰੋ।
ਮੇਰੀ ਬੁੱਕਲ ਦੇ ਵਿਚ ਚੋਰ, ਹੀਰ ਵਾਰਿਸ , ਸੋਹਣੀ ਮਹੀਂਵਾਲ

ਜਾਂ

ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਬੀ ਸਾਹਿਤ ਲਈ ਯੋਗਦਾਨ ਬਾਰੇ ਜਾਣਕਾਰੀ ਦਿਓ।

ਅੰਕ: 10

Contd —

ਭਾਗ-ੳ-2

3. 'ਗੁੱਡ ਡੀਅਲ' ਜਾਂ ' 'ਹਵਾ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

ਜਾਂ

ਅਜਮੇਰ ਸਿੱਧੂ ਦੀ ਕਹਾਣੀ-ਕਲਾ ਤੇ ਪੰਜਾਬੀ ਕਹਾਣੀ ਸਾਹਿਤ ਲਈ ਉਸਦੇ ਯੋਗਦਾਨ ਬਾਰੇ ਚਰਚਾ ਕਰੋ। ਅੰਕ: 10

ਭਾਗ-ਅ-1

4. ਪੰਜਾਬੀ ਦੀਆਂ ਅਧਿਆਤਮਿਕ ਵਾਰਾਂ ਉੱਪਰ ਨੋਟ ਲਿਖੋ।

ਜਾਂ

ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸ਼ੇ ਅਤੇ ਕਲਾ-ਪੱਖ ਉੱਪਰ ਨੋਟ ਲਿਖੋ। ਅੰਕ: 10

ਭਾਗ-ਅ-2

5. ਹੇਠ ਲਿਖੇ ਪੱਛਮੀ ਆਲੋਚਨਾ ਦੇ ਸਿਧਾਂਤਾਂ ਵਿਚੋਂ ਕਿਸੇ ਦੋ ਉੱਤੇ ਨੋਟ ਲਿਖੋ-

ੳ) ਵਿਰੇਚਨ
ਅ) ਰੁਮਾਂਸਵਾਦ
ੲ) ਪ੍ਰਤੀਕ
ਸ) ਮਿੱਥ ਅੰਕ: 2×5=10

ਭਾਗ-ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

1) ਹਸ਼ਾਮ ਕਿਸ ਕਾਵਿ-ਧਾਰਾ ਦਾ ਕਵੀ ਹੈ?
2) ਹੀਰ ਦੀ ਨਿਨਾਣ ਦਾ ਨਾਂ ਕੀ ਸੀ?
3) ''ਬੇਰ ਵਰਗਾ ਫ਼ਲ'' ਕਹਾਣੀ ਦੇ ਵਿਸ਼ੇ ਬਾਰੇ ਲਿਖੋ।
4) ''ਕਥਾ-ਸੰਸਾਰ'' ਸੰਗ੍ਰਹਿ ਦੇ ਸੰਪਾਦਕ ਕੌਣ ਹਨ।
5) ਸ਼ੈਲੀ ਤੋਂ ਕੀ ਭਾਵ ਹੈ?
6) ''ਹੱਡਾਰੋੜੀ'' ਕਹਾਣੀ ਦੇ ਸਿਰਲੇਖ ਬਾਰੇ ਲਿਖੋ।
7) ''ਓਪਰੀ ਧਰਤੀ'' ਕਹਾਣੀ ਦਾ ਵਿਸ਼ਾ ਕੀ ਹੈ?
8) ਚਰਨ ਸਿੰਘ ਦੇ ਕੈਨੇਡਾ ਬਾਰੇ ਕੀ ਵਿਚਾਰ ਸਨ?
9) ''ਨਸਲਘਾਤ'' ਕਹਾਣੀ ਦਾ ਵਿਸ਼ਾ ਸੰਖੇਪ ਵਿਚ ਲਿਖੋ।
10) ਹਰ ਕੌਰ ਦੀਆਂ ਚਿੱਠੀਆਂ ਬਾਰੇ ਲਿਖੋ।
11) ਭਾਈ ਗੁਰਦਾਸ ਨੇ ਕਿੰਨੀਆਂ ਵਾਰਾਂ ਲਿਖੀਆ?
12) 'ਚੰਡੀ ਦੀ ਵਾਰ' ਦੀ ਕਹਾਣੀ ਦਾ ਆਧਾਰ ਕੀ ਹੈ?ਙ
13) ਹੀਰ ਵਾਰਿਸ ਵਿਚ ਕਿਹੜਾ ਰਸ ਪ੍ਰਧਾਨ ਹੈ?
14) ਬੁੱਲੇ ਸ਼ਾਹ ਦੇ ਮੁਰਸ਼ਦ ਦਾ ਨਾਂ ਕੀ ਸੀ ?
15) ਹਾਸ਼ਮ ਨੂੰ ਕਿਸ ਮਹਾਰਾਜੇ ਦਾ ਰਾਜ ਕਵੀ ਕਿਹਾ ਜਾਂਦਾ ਹੈ। ਅੰਕ: 15×2=30

10676/NH